FirstRanker.com
Firstranker's choice
www.FirstRanker.com www.FirstRanker.com

This Question Paper consists of **14 questions** and **6 printed pages.**
ਇਸ ਪ੍ਰਸ਼ਨ-ਪੱਤਰ ਵਿੱਚ 14 ਪ੍ਰਸ਼ਨ ਅਤੇ 6 ਮੁਦਰਿਤ ਪੰਨੇ ਹਨ।

**Roll No.**
**ਰੋਲ ਨੰ: ਅੰਕਾਂ ਵਿਚ** | | | | | | | | | | | |

**Code No. 49/S/O/P**

**Set A**

# PUNJABI
# (ਪੰਜਾਬੀ)
# (210)

**Day and Date of Examination**
**ਪਰਿਖਿਆ ਦਾ ਦਿਨ ਅਤੇ ਮਿਤੀ** ______________________

**Signature of Invigilators** 1. ______________________
**ਨਿਰੀਖਕਾਂ ਦੇ ਦਸਖ਼ਤ**
2. ______________________

**ਆਮ ਨਿਰਦੇਸ਼ :**

1. ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ।
2. ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹੈ। ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾਂ (ਸੀਰੀਅਲ) ਅਨੁਸਾਰ ਹੋਵੇ।
3. ਅਬਜੈਕਟਿਵ ਟਾਇਪ ਪ੍ਰਸ਼ਨਾਂ ਜਿਹੜੇ ਕਿ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਉੱਤਰ ਪੁਸਤਕ ਵਿਚ ਲਿਖਿਆ ਜਾਵੇ।
4. ਸਾਰੇ ਪ੍ਰਸ਼ਨ ਪੱਤਰ ਜਿਹਨਾਂ ਵਿਚ ਅਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹਨ ਕਿਉਂਕਿ ਹੋਰ ਅਲੱਗ ਸਮਾਂ ਨਹੀਂ ਦਿੱਤਾ ਜਾਵੇਗਾ।
5. ਕੋਈ ਵੀ ਨਿਸ਼ਾਨ ਜਾਂ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀਂ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ।
6. ਉੱਤਰ ਪੁਸਤਕ ਤੇ ਪ੍ਰਸ਼ਨ ਪੁਸਤਕ ਦਾ ਨੰਬਰ **49/S/O/P** ਜ਼ਰੂਰ ਲਿਖੋ।



FirstRanker.com
Firstranker's choice
www.FirstRanker.com

FirstRanker.com
Firstranker's choice
www.FirstRanker.com www.FirstRanker.com

# PUNJABI
# (ਪੰਜਾਬੀ)
# (210)

Time : **3** Hours ] [ Maximum Marks : **100**

ਸਮਾਂ : **3** ਘੰਟ ] [ ਕੁਲ ਅੰਕ: **100**

ਨੋਟ : (1) ਸਾਰੇ ਪ੍ਰਸ਼ਨਾਂ ਦੇ ਉਤਰ ਜ਼ਰੂਰੀ ਹਨ ।

(2) ਸਾਰੇ ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦੇ ਉਤਰ ਲਿਖੋ।

**1.** ਹੇਠ ਲਿਖੇ ਪੈਰੇ ਨੂੰ ਪੜ੍ਹੋ ਅਤੇ ਪਿੱਛੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ: **2x4=8**

'ਤਿੰਨ ਭਾਸ਼ਾਈ ਫਾਰਮੂਲਾ ਸਾਡੀ ਸਰਕਾਰ ਵਲੋਂ ਸਾਡੇ ਦੇਸ ਦੇ ਸੰਵਿਧਾਨਕ ਤੇ ਭੂਗਲਿਕ ਪ੍ਰਾਂਤਕ ਢਾਂਚੇ ਨੂੰ ਮੁਖ ਰੱਖਦੇ ਹੋਏ ਬਣਾਇਆ, ਇਹ ਬਹੁਤ ਹੀ ਢੁਕਾਵਾਂ ਤੇ ਸਹੀ ਫਾਰਮੂਲਾ ਹੈ। ਤਿੰਨ ਭਾਸ਼ਾਈ ਫਾਰਮੂਲੇ ਮੁਤਾਬਕ ਵਿਦਿਆਰਥੀ ਲਈ ਦਸਵੀਂ ਜਮਾਤ ਤਕ ਇਕ ਅੰਗਰੇਜ਼ੀ, ਦੂਜੀ ਹਿੰਦੀ ਤੀਜੀ ਪ੍ਰਾਂਤਕ ਭਾਸ਼ਾ ਪੜ੍ਹਨੀ ਲਾਜ਼ਮੀ ਮੰਨੀ ਹੈ। ਅੰਗਰੇਜ਼ੀ ਪੜ੍ਹ ਕੇ ਵਿਦਿਆਰਥੀ ਕੌਮ ਪੱਧਰ ਤੇ ਆਉਂਦੀਆਂ ਸਮਸਿਆਂਵਾਂ ਤੇ ਰੁਜਗਾਰ ਸੰਬੰਧੀ ਮੁਸ਼ਕਲਾਂ ਨਾਲ ਨਜਿੱਠ ਸਕਦਾ ਹੈ। ਦੂਜੀ ਭਾਸ਼ਾ ਜਿਸ ਦੀ ਦਸਵੀਂ ਤੱਕ ਦੀ ਪੜ੍ਹਾਈ ਲਾਜ਼ਮੀ ਹੈ, ਓਹ ਹਿੰਦੀ ਹੈ। ਹਿੰਦੀ ਭਾਰਤ ਦੇ ਬਹੁਤੇ ਲੋਕਾਂ ਵਲੋਂ ਬੋਲੀ ਜਾਂਦੀ ਹੈ। ਇਸੇ ਕਰਕੇ ਇਸ ਨੂੰ ਸੰਪਰਕ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੈ। ਦਸਵੀਂ ਤੱਕ ਹਿੰਦੀ ਪੜ੍ਹਨ ਨਾਲ ਵੱਖ-ਵੱਖ ਪ੍ਰਾਂਤਾ ਦੇ ਲੋਕ ਇਸ ਭਾਸ਼ਾ ਦੇ ਆਸਰੇ, ਇੱਕ ਦੂਜੇ ਨਾਲ ਜੁੜ ਸਕਣਗੇ। ਹਿੰਦੀ ਇਕ ਪ੍ਰਕਾਰ ਮੇਲ-ਜੋਲ ਪੈਦਾ ਕਰੇਗੀ। ਅਤੇ ਅੰਗਰੇਜ਼ੀ ਦੇ ਬਦਲ ਲੈਕੇ ਉਭਰੇਗੀ। ਸਾਡੇ ਵਿੱਦਿਆ ਦੇ ਮਾਹਿਰਾ ਤੇ ਸਰਕਾਰ ਦੀ ਅਜਿਹੀ ਸੋਚ ਸਮੇ ਤੇ ਦੇਸ ਦੇ ਹਾਲਾਤ ਮੁਤਾਬਕ ਬਹੁਤ ਢੁਕਵੀਂ ਹੈ। ਤੀਜੀ ਪ੍ਰਾਂਤਕ ਭਾਸ਼ਾ ਹੈ। ਇਸ ਦੀ ਪੜ੍ਹਾਈ ਵੀ ਦਸਵੀਂ ਤੱਕ ਲਾਜ਼ਮੀ ਹੈ। ਇਸ ਨਾਲ ਬੱਚਾ ਆਪਣੀ ਸੰਸਕ੍ਰਿਤੀ ਤੇ ਪ੍ਰਾਂਤਕ ਸਭਿਆਚਾਰ ਨਾਲ ਜੁੜਿਆ ਰਹਿੰਦਾ ਹੈ। ਜੋ ਇਸ ਦਾ ਮੂਲ ਆਧਾਰ ਹੈ। ਇਸ ਤਰ੍ਹਾਂ ਤਿੰਨ ਭਾਸ਼ਾਈ ਫਾਰਮੂਲਾ ਸੱਚ-ਮੁੱਚ ਦੇਸ ਦੀ ਇਕ ਮੁਠੱਤਾ, ਮੇਲ-ਜੋਲ ਤਰੱਕੀ ਤੇ ਸੰਵਿਧਾਨਕ ਰਵਾਇਤਾ ਦੀ ਰਾਖੀ ਹਿੱਤ ਬਹੁਤ ਕਾਰਗਾਰ ਅਤੇ ਢੁਕਾਵਾਂ ਹੈ।

(i) ਤਿੰਨ ਭਾਸ਼ਾਈ ਫਾਰਮੂਲਾ ਸਾਡੀ ਸਰਕਾਰ ਨੇ ਕਿਸ ਗੱਲ ਨੂੰ ਮੁੱਖ ਰੱਖ ਕੇ ਬਣਾਇਆ ਸੀ। ਇਸ ਫਾਰਮੂਲੇ ਵਿੱਚ ਤਿੰਨ ਭਾਸ਼ਾਵਾਂ ਕਿਹੜੀ ਕਿਹੜਿਆਂ ਹਨ ?

(ii) ਇਹ ਤਿੰਨੇ ਭਸ਼ਾਂਵਾਂ ਕਿਹੜੀ ਜਮਾਤ ਤੱਕ ਲਾਜ਼ਮੀ ਹਨ, ਤਾਂ ਜੋ ਲੋਕ ਆਪਸ ਵਿੱਚ ਜੁੜ ਸਕਣ।

(iii) ਪ੍ਰਾਂਤਕ ਭਾਸ਼ਾ ਪੜ੍ਹਨ ਨਾਲ ਵਿਦਿਆਰਥੀ ਕਿਸ ਗੱਲ ਨਾਲ ਜੁੜਿਆ ਰਹਿੰਦਾ ਹੈ ? ਜੋ ਕਿ ਲਾਜਮੀ ਹੈ।

(iv) ਇਹ ਤਿੰਨ ਭਾਸ਼ਾਈ ਫਾਰਮੂਲਾ ਸੱਚ-ਮੁੱਚ ਦੇਸ ਦੀ ਕਿਸ ਪ੍ਰਕਾਰ ਦੀ ਤਰੱਕੀ ਲਈ ਜਰੂਰੀ ਹੈ?



FirstRanker.com
Firstranker's choice
www.FirstRanker.com

FirstRanker.com
Firstranker's choice
www.FirstRanker.com www.FirstRanker.com

**2.** ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ । **1x15=15**

(i) ਹੋੜਾ, ਔਂਕੜ ਤੇ ਦੁਲੈਂਕੜ ਕਿਹੜੇ ਸੂਰ ਅੱਖਰ ਨਾਲ ਲਾਏ ਜਾਂਦੇ ਹਨ?

(A) ੳ (B) ਅ

(C) ੲ (D) ਕੋਈ ਵੀ ਨਹੀਂ।

(ii) ਸਹੀ ਵਿਕਲਪ ਚੁਣੋ ।
ਕਵੀ ਦਾ ਇਸਤਰੀ ਲਿੰਗ ਹੈ।

(A) ਕਵਿਆਣੀ (B) ਕਵੀਤਰੀ

(C) ਕਾਵਿਤਰੀ (D) ਕਵੀਆਨ

(iii) ਕਿਹੜਾ ਸ਼ਬਦ ਇਸਤਰੀ ਲਿੰਗ ਨਹੀਂ ਹੈ?

(A) ਜੱਟੀ (B) ਘਿਉ

(C) ਅੱਗ (D) ਸਹੁੰ

(iv) 'ਵਾਸ਼ਨਾਵਾਂ' ਦਾ ਇੱਕ ਵਚਨ ਹੈ।

(A) ਵਾਸ਼ਣਾਂ (B) ਵਸ਼ਨਾ

(C) ਵਾਸ਼ਾਨਾ (D) ਵਾਸ਼ਣਾ

(v) ਹੇਠ ਲਿਖੇ <u>ਨਿਰਮਲ</u> ਸ਼ਬਦ ਦਾ ਸਹੀ ਸਮਾਨਾਰਥ ਚੁਣੋ।

(A) ਅੱਛਾ (B) ਸੁਥਰਾ

(C) ਸਾਫ (D) ਇਨ੍ਹਾਂ ਵਿਚੋਂ ਕੋਈ ਨਹੀਂ

(vi) ਹੇਠ ਲਿਖੇ <u>ਸੰਭਵ</u> ਸ਼ਬਦ ਦਾ ਵਿਰੋਧੀ ਸ਼ਬਦ ਹੈ?

(A) ਅਨੁਮਾਨਤ (B) ਹੋ ਸਕਦਾ ਹੈ

(C) ਨਹੀਂ ਹੋ ਸਕਦਾ (D) ਇਨ੍ਹਾਂ ਵਿਚੋਂ ਕੋਈ ਨਹੀਂ

(vii) ਸ਼ੁਧ ਸ਼ਬਦ ਜੋੜ ਚੁਣੋ।

(A) ਬਿਆਹ (B) ਵਿਵਾਹ

(C) ਵਿਆਹ (D) ਬਿਬਾਹ

(viii) ਸ਼ੁਧ ਸ਼ਬਦ ਜੋੜ ਚੁਣੋ।

(A) ਮਨਦਰ (B) ਮੰਦਰ

(C) ਮਣਦਰ (D) ਸੰਦਰ

(ix) ਬਚਪਨ ਵਿੱਚ ਸਿੱਖੀ ਬੋਲੀ ਨੂੰ ਕਹਿੰਦੇ ਹਨ ;

(A) ਘਰ ਦੀ ਬੋਲੀ (B) ਇਲਾਕੇ ਦੀ ਬੋਲੀ

(C) ਦੇਸ ਦੀ ਬੋਲੀ (D) ਮਾਂ ਬੋਲੀ

(x) ਮੇਰੀ ਪੱਗ ਦਾ ਰੰਗ ਨੀਲਾ ਹੈ। ਇਸ ਵਾਕ ਵਿੱਚ ਵਿਸ਼ੇਸ਼ਣ ਸ਼ਬਦ ਕਿਹੜਾ ਹੈ?

(A) ਮੇਰੀ (B) ਪੱਗ

(C) ਰੰਗ (D) ਨੀਲਾ

(xi) ਹੇਠ ਲਿਖਿਆਂ ਵਿਚੋਂ ਕਿਹੜਾ ਲਗਾਖਰ ਨਹੀਂ ਹੈ?

(A) ਬਿੰਦੀ (B) ਅਧਕ

(C) ਟਿੱਪੀ (D) ਔਂਕੜ



FirstRanker.com
Firstranker's choice
www.FirstRanker.com

FirstRanker.com
Firstranker's choice
www.FirstRanker.com www.FirstRanker.com

(xii) ਹਿਜਰ ਸ਼ਬਦ ਦਾ ਸਹੀ ਸਮਾਨਾਰਥਕ ਸ਼ਬਦ ਚੁਣੋ।

(A) ਨੀਰਸ (B) ਖੇੜ
(C) ਵਿਛੋੜਾ (D) ਵਿਰੋਧੀ

(xiii) ਹਰਪ੍ਰੀਤ ਪੜ੍ਹ ਰਹੀ ਹੈ, ਇਸ ਵਾਕ ਵਿੱਚ ਸਹੀ ਕਿਰਿਆ ਕਿਹੜੀ ਹੈ?

(A) ਸਹਾਇਕ ਕਿਰਿਆ (B) ਸਕਰਮਕ ਕਿਰਿਆ
(C) ਅਕਰਮਕ ਕਿਰਿਆ (D) ਪਤਾ ਨਹੀਂ

(xiv) ਕੁਝ ਵੀ ਕਹਿਣ ਤੋਂ <u>ਅਸਮਰਥਸੀ</u> । ਲਕੀਰੇ ਸ਼ਬਦ ਦਾ ਸਹੀ ਵਿਕਲਪ ਚੁਣੋ।

(A) ਅਸਫਲ (B) ਕਮਜ਼ੋਰ
(C) ਬੁਰਾ (D) ਅਯੋਗ

(xv) ਯੋਜਕ ਦੀ ਕਿਸਮ ਚੁਣੋ।

(A) ਸਮਾਨ ਯੋਜਕ (B) ਸਬੰਧਵਾਚਕ ਯੋਜਕ
(C) ਪੂਰਨ ਯੋਜਕ (D) ਅਪੂਰਨ ਯੋਜਕ

3. ਹੇਠ ਲਿਖੇ ਅਖਾਣ ਮੁਹਾਵਰਿਆਂ ਨੂੰ ਪੂਰਾ ਕਰੋ । **1x5=5**

(i) ਗਲ ਪਿਆ ਢੋਲ __________।
(ii) ਲਹੂ-ਪਸੀਨਾ __________।
(iii) ਆਪਣੇ ਪੈਰੀ ਆਪ __________।
(iv) ਸਾਂਈਆਂ ਕਿਤੇ __________।
(v) ਸਾਂਝਾ ਬਾਪੂ ਨਾ __________।

4. ਹੇਠ ਲਿਖੀ ਵਾਰਤਾ ਨੂੰ ਵਿਸਰਾਮ ਚਿਨ੍ਹ ਲਾਓ । **3**

ਖੂਹ ਤੇ ਪਾਣੀ ਭਰਦੀਆਂ ਕੁਝ ਮੁਟਿਆਰਾਂ ਨੇ ਆਖਿਆ ਦੇਖੋ ਨੀ ਮੁੰਡਾ ਤਾਂ ਘੋੜੇ ਤੇ ਚੜ੍ਹਿ ਹੋਇਆ ਹੈ। ਤੇ ਬੁੱਢਾ ਪਿਉ ਵਿਚਾਰਾ ਮਗਰ ਮਗਰ ਪੈਰ ਘਸੀਟਦਾ ਆਉਂਦਾ ਜੇ ਅੱਜਕਲ ਦੇ ਮੁੰਡਿਆਂ ਦਾ ਹਾਲ ਦੇਖੋ।

5. ਹੇਠ ਲਿਖੇ ਬਹੁਅਰਥਕ ਸ਼ਬਦਾ ਤੋਂ ਘੱਟੋ-ਘੱਟ ਦੋ-ਦੋ ਵਾਕ ਅਜਿਹੇ ਬਣਾਓ ਕਿ ਇੱਕ ਤੋਂ ਵੱਧ ਅਰਥ ਸਪਸ਼ਟ ਹੋਣ। ਹਾਲ, ਖੱਟੀ **1x2=2**

6. ਹੇਠ ਲਿਖੇ ਵਿਸ਼ਿਆ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗ ਪਗ 250 ਸ਼ਬਦਾਂ ਦਾ ਲੇਖ ਲਿਖੋ। **10**

(i) ਹੱਕੁ ਪਰਾਇਆ ਨਾਨਕਾ ।
(ii) ਮਹਿੰਗਾਈ ਦੀ ਮਾਰ
(iii) ਨੌਜਵਾਨਾਂ ਵਿੱਚ ਵਧ ਰਹੀ ਨਸ਼ਿਆਂ ਦੀ ਵਰਤੋਂ।
(iv) ਭਾਰਤ ਵਿੱਚ ਵਧ ਰਹੀ ਆਬਾਦੀ।

7. ਆਪਣੇ ਨਗਰ ਦੇ ਡਾਕ-ਤਾਰ ਵਿਭਾਗ ਦੇ ਅਧਿਕਾਰੀ ਨੂੰ ਆਪਣੇ ਇਲਾਕੇ ਦੇ ਡਾਕੀਏ ਦੀ ਅਣਗਹਿਲੀ ਦੀ ਸ਼ਿਕਾਇਤਾਂ ਸੰਬੰਧੀ ਪੱਤਰ ਲਿਖੋ। **7**

**ਜਾਂ**

ਕਿਸੇ ਪੰਜਾਬੀ ਅਖਬਾਰ ਦੇ ਸੰਪਾਦਕ ਨੂੰ ਨਗਰ ਵਿੱਚ ਵੱਧ ਰਹੀਆਂ ਬਲਾਤਕਾਰ ਦੀਆਂ ਘਟਨਾਵਾਂ ਬਾਰੇ ਲਿਖੋ। ਨਾਲ ਹੀ ਆਪਣਾ ਕੋਈ ਯੋਗ ਸੁਝਾਅ ਵੀ ਲਿਖੋ।



FirstRanker.com
Firstranker's choice
www.FirstRanker.com

FirstRanker.com
Firstranker's choice
www.FirstRanker.com www.FirstRanker.com

8. 'ਸ਼ਮਾਂ' ਕਵਿਤਾ ਵਿੱਚ ਕਵੀ 'ਸਮੇਂ' ਦੇ ਕਦੇ ਵੀ ਨਾ ਰੁਕਣ ਵਾਲੇ ਸੁਭਾਅ ਪ੍ਰਤੀ ਆਪਣੀ ਹਾਰ ਮੰਨ ਲੈਂਦਾ ਹੈ। ਕਵਿਤਾ ਦਾ ਸਾਰ 100 - 125 ਸ਼ਬਦਾਂ ਵਿੱਚ ਲਿਖੋ। **5**

**ਜਾਂ**

"ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ। ਮਤੁ ਸ਼ਰਮਿੰਦਾ ਥੀਵਹਿ ਸਾਂਈ ਦੇ ਦਰਬਾਰਿ।"

ਇਸ ਸ਼ਲੋਕ ਵਿੱਚ ਬਾਬਾ ਫਰੀਦ ਜੀ ਮਨੁੱਖ ਨੂੰ ਕਿਸ ਪ੍ਰਕਾਰ ਦੀ ਨੈਤਿਕ ਸਿੱਖਿਆ ਦੇ ਰਹੇ ਹਨ। 100 - 125 ਸ਼ਬਦਾਂ ਵਿੱਚ ਲਿਖੋ।

9. 'ਸਵਰਗ ਦੀ ਝਲਕ' ਕਹਾਣੀ ਸ:ਸੁਜਾਨ ਸਿੰਘ ਨੇ ਕਿਸੇ ਵਿਸ਼ੇਸ਼ ਉਦੇਸ਼ ਨਾਲ ਲਿਖੀ ਹੈ। ਕਹਾਣੀ ਦਾ ਸਾਰ ਸੰਖੇਪ ਵਿੱਚ 100 - 125 ਸ਼ਬਦਾਂ ਵਿੱਚ ਲਿਖੋ। **5**

10. 'ਬੇਈਮਾਨ' ਇਕਾਂਗੀ ਦੇ ਪਾਤਰ ਬਸੰਤ ਰਾਮ ਦਾ ਪਾਤਰ ਚਿਤਰਨ 100 - 125 ਸ਼ਬਦਾਂ ਵਿੱਚ ਲਿਖੋ। **5**

11. ਮੋਟੇ ਤੌਰ ਤੇ ਅੱਜ-ਕਲ੍ਹ 'ਕੰਪਿਊਟਰ' ਦੀ ਵਰਤੋਂ ਕਿੱਥੇ-ਕਿੱਥੇ ਹੁੰਦੀ ਹੈ? 100 - 125 ਵਿੱਚ ਲਿਖੋ। **5**

12. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ। **1x12=12**

(i) 'ਸਾਂਝ' ਕਹਾਣੀ ਦਾ ਲੇਖਕ ਕੌਣ ਹੈ?

(ii) 'ਨੰਦੂ' ਕਿਸ ਦੀ ਲਿਖੀ ਕਹਾਣੀ ਹੈ?

(iii) 'ਖ਼ਾਨਗਾਹੀ ਦੀਵਾ ਬਾਲ ਦਿਏ' ਕਿਸ ਕਵੀ ਦੀ ਰਚਨਾ ਹੈ?

(iv) ਵਾਰਸ਼ਸ਼ਾਹ ਨੇ 'ਹੀਰ ਰਾਂਝੇ' ਦੀ ਪ੍ਰੇਮ ਕਥਾ ਨੂੰ ਸੁਖਾਂਤਕ ਜਾਂ ਦੁਖਾਂਤਕ ਅੰਤ ਨਾਲ ਪੇਸ਼ ਕੀਤਾ ਹੈ?

(v) 'ਬੁਢੇ ਸ਼ਾਹ' ਨੇ ਕਿਸ ਬੁਝਾਰਤ ਨੂੰ ਬੁਝਣ ਦਾ ਜਤਨ ਕੀਤਾ ਹੈ?

(vi) ਬੱਸ ਕੰਡੱਕਟਰ ਕਹਾਣੀ ਦੀ ਨਾਰੀ ਪਾਤਰ, ਬੱਸ ਤੇ ਸਵਾਰ ਹੋ ਕੇ ਕਿਹੜੇ ਸ਼ਹਿਰ ਨੌਕਰੀ ਕਰਨ ਜਾਂਦੀ ਹੈ?

(vii) ਮਨੁੱਖੀ ਜੀਵਨ ਦੀ ਮਜ਼ਬੂਤ ਨੀਂਹ ਕਿੱਥੇ ਬਣਦੀ ਹੈ?

(viii) 'ਸੁੰਦਰਤਾ' ਕਿੱਥੇ ਛਿਪੀ ਹੁੰਦੀ ਹੈ? ਸ: ਗੁਰਬਖਸ਼ ਸਿੰਘ ਅਨੁਸਾਰ ਉੱਤਰ ਦਿਓ।

(ix) ਮ:ਰਣਜੀਤ ਸਿੰਘ ਅਨਪੜ੍ਹ ਹੁੰਦਿਆਂ ਹੋਇਆਂ ਵੀ, ਉਸ ਦਾ ਵਿਦਵਾਨਾਂ, ਸਾਹਿਤਕਾਰਾਂ ਨਾਲ ਕਿਹੋ ਜਿਹਾ ਵਿਵਹਾਰ ਸੀ?

(x) ਗਿਆਨਿਆਂ ਨੇ ਵੀਹਵੀਂ ਸਦੀ ਨੂੰ ਵਿਗਿਆਨ ਦਾ ਯੁੱਗ ਕਿਹਾ ਸੀ। ਹੁਣ ਇੱਕਵੀਂ ਸਦੀ ਨੂੰ ਕਿਸ ਦਾ ਯੁੱਗ ਕਿਹਾ ਹੈ?

(xi) ਅਰੰਭ ਵਿੱਚ ਮੋਟਰ ਵਰਕਸ਼ਾਪ ਦਾ ਮਨੇਜਰ, ਮੋਟਰ ਵਾਲੇ ਨੂੰ ਆਪਣੀ ਵਰਕਸ਼ਾਪ ਦੀ ਕੀ 'ਪਾਲਿਸੀ' ਦਸਦਾ ਹੈ?

(xii) ਮੋਟਰ ਵਰਕਸ਼ਾਪ ਦਾ ਮੈਨੇਜਰ 'ਬੀਮਾ ਕੰਪਨੀ' ਦੇ ਮੈਨੇਜਰ ਨੂੰ ਬਿਲ ਜ਼ਿਆਦਾ ਹੋਣ ਕਾਰਨ ਕੀ ਸਫ਼ਾਈ ਦਿੰਦਾ ਹੈ ?



FirstRanker.com
Firstranker's choice
www.FirstRanker.com

FirstRanker.com
Firstranker's choice
www.FirstRanker.com www.FirstRanker.com

**13.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30- 40 ਸ਼ਬਦਾਂ ਵਿੱਚ ਲਿਖੋ। **2 × 6=12**

(i) ਕਵੀ ਪ੍ਰ: ਧਨੀਰਾਮ ਆਪਣੀ ਕਵਿਤਾ ਇਨਸਾਨ ਸਤਾਨ ਦੁਆਰਾ ਕਿਹੜੀਆਂ ਬੁਰਾਈਆਂ ਦੇ ਖਤਮ ਹੋਣ ਦੀ ਕਾਮਣਾ ਕਰਦਾ ਹੈ ?

(ii) ਕਵਿ ਪ੍ਰੋ. ਮੋਹਨ ਸਿੰਘ 'ਖ਼ਾਨਗਾਹ' ਤੇ ਦੀਵਾ ਜਗਾਉਣ ਵਾਲੀ ਕੁੜੀ ਨੂੰ ਸੰਬੋਧਤ ਹੋਕੇ ਕਹਿ ਰਿਹਾ ਹੈ, ਕਿ ਦੀਵਾ ਜਗਾਉਣ ਨਾਲ, ਨੂੰ ਕਿਹੜੀ-ਕਿਹੜੀ ਗੱਲ ਮਹਿਸੂਸ ਕਰੇਂਗੀ?

(iii) ਕਹਾਣੀਕਾਰ ਸ: ਸੁਜਾਨ ਸਿੰਘ ਮਿਹਨਤ ਮਜ਼ਦੂਰੀ ਕਰਨ ਵਾਲੇ ਲੋਕਾਂ ਬਾਰੇ ਕੀ ਸੋਚ ਦਾ ਹੈ? ਕਹਾਣੀ 'ਸਵਰਗ ਦੀ ਝਲਕ' ਦੇ ਆਧਾਰ ਤੇ ਲਿਖੋ।

(iv) ਭਗਤ ਸਿੰਘ ਜਲ੍ਹਿਆਂ ਵਾਲੇ ਬਾਗ ਦੀ 'ਖ਼ੂਨ ਦੀ ਹੋਲੀ' ਦਾ ਖ਼ੂਨ ਅੰਮ੍ਰਿਤਸਰ ਤੋਂ ਕਿਥੋਂ ਲੈ ਕੇ ਗਿਆ? ਉਸਦਾ ਉਸਦੇ ਮਨ ਤੇ ਕੀ ਪ੍ਰਭਾਵ ਪਿਆ?

(v) ਮ:ਰਣਜੀਤ ਸਿੰਘ ਨੇ ਆਪਣੀ ਫੌਜ ਨੂੰ ਲੋਕ ਭਲਾਈ ਦੇ ਉਦੇਸ਼ ਲਈ ਕੀ ਹੁਕਮ ਦੇ ਰੱਖਿਆ ਸੀ?

(vi) ਪ੍ਰਿੰ: ਤੇਜਾ ਸਿੰਘ ਅਨੁਸਾਰ, ਅਸਲ ਵਿੱਚ ਧਾਰਮਕ ਰੁੱਚੀ ਕਿੱਥੇ ਪੈਦਾ ਹੋ ਸਕਦੀ ਹੈ ?

**14.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲੱਗ-ਪੱਗ 50 ਸ਼ਬਦਾਂ ਵਿੱਚ ਲਿਖੋ। **3 × 2=6**

(i) ਮਾਟੀ ਕੁਦਮ ਕਰੇਂਦੀ ਯਾਰ, ਵਾਹ ਵਾਹ ਮਾਟੀ ਦੀ ਗੁਲਜ਼ਾਰ।
ਮਾਟੀ ਘੋੜਾ ਮਾਟੀ ਜੋੜਾ, ਮਾਟੀ ਦਾ ਅਸਵਾਰ। ਮਾਟੀ ਮਾਟੀ ਨੂੰ ਮਾਰਨ ਲੱਗੀ, ਮਾਟੀ ਦੇ ਹਥਿਆਰ। ਜਿਸ ਮਾਟੀ ਪਰ ਬਹੁਤ ਮਾਟੀ, ਤਿਸ ਮਾਟੀ ਹੰਕਾਰ।
ਇਨ੍ਹਾਂ ਕਵਿ-ਸਤਰਾਂ ਵਿੱਚ ਸਾਂਈ ਬੁੱਲੇ ਸ਼ਾਹ ਕੀ ਸੰਦੇਸ਼ ਦੇਣਾ ਚਾਹੁੰਦਾ ਹੈ, ਸੰਖੇਪ ਵਿੱਚ ਲਿਖੋ।

(ii) 'ਨੰਦੂ' ਕਹਾਣੀ ਸ੍ਰੀਮਤੀ ਅਜੀਤ ਕੌਰ ਕੀ ਸੋਚ ਰਹੀ ਹੈ? ਕਿ ਬੰਦੇ ਨੂੰ ਰੋਟੀ ਲਈ ਕੀ ਕੀ ਕਰਨਾ ਪੈਂਦਾ ਹੈ ? ਨੰਦੂ ਪਾਤਰ ਦੇ ਹਵਾਲੇ ਨਾਲ ਲਿਖੋ।

- o O o -



FirstRanker.com
Firstranker's choice
www.FirstRanker.com